WCB FACTS 2024

# WCB ਦਾ ਸਾਮੂਹਿਕ ਜੀਵਨ ਬੀਮਾ

## WCB ਸਾਮੂਹਿਕ ਜੀਵਨ ਬੀਮਾ ਕੀ ਹੈ?

ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB, Workers Compensation Board Manitoba) ਦਾ ਸਾਮੂਹਿਕ ਜੀਵਨ ਬੀਮਾ ਇਕ ਜੀਵਨ ਬੀਮੇ ਦੀ ਯੋਜਨਾ ਹੈ ਜੋ WCB ਦੁਆਰਾ ਵਿੱਤ ਕੀਤਾ ਗਿਆ ਹੈ।

## ਕਵਰੇਜ ਦੇ ਲਈ ਕੌਣ ਯੋਗ ਹੈ?

ਕਰਮਚਾਰੀ ਆਪਣੇ ਆਪ ਹੀ WCB ਗਰੁਪ ਦੀ ਜੀਵਨ ਬੀਮਾ ਯੋਜਨਾ ਨਾਲ ਬੀਮਾਯੁਕਤ ਹੁੰਦੇ ਹਨ ਜੇਕਰ:

- ਕੰਮ ਦੇ ਸਥਾਨ ਤੇ ਸੱਟ 1 ਜਨਵਰੀ, 1992 ਜਾਂ ਉਸ ਤੋਂ ਬਾਅਦ ਲੱਗੀ ਹੋਵੇ; ਅਤੇ
- ਸੱਟ ਲੱਗਣ ਤੋਂ ਬਾਅਦ ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ 104 ਹਫਤਿਆਂ ਤੋਂ ਵੱਧ ਲਈ ਪ੍ਰਾਪਤ ਕੀਤੇ ਗਏ ਹੋਣ।

ਨੋਟ ਕਰੋ ਕਿ ਇਹ ਲਾਭ ਤੁਹਾਡੇ ਲਈ ਉਪਲਬਧ ਨਹੀਂ ਹੈ ਜੇਕਰ ਤੁਹਾਡੀ ਮੌਤ ਦੇ ਸਮੇਂ ਤੁਹਾਡੇ ਕੋਲ ਤੁਹਾਡੇ ਰੁਜ਼ਗਾਰਦਾਤਾ ਤੋਂ ਇੱਕ ਕਿਰਿਆਸ਼ੀਲ ਜੀਵਨ ਬੀਮਾ ਯੋਜਨਾ ਹੈ।

## ਤਾਂ ਕੀ ਹੋਏਗਾ ਜੇ ਮੇਰੇ ਕੋਲ ਪਹਿਲਾਂ ਤੋਂ ਹੀ ਜੀਵਨ ਬੀਮਾ ਕਵਰੇਜ ਹੋਏ?

WCB ਕਿਸੇ ਕਰਮਚਾਰੀ ਨੂੰ ਨਿੱਜੀ ਪ੍ਰਦਾਤਿਆਂ ਦੁਆਰਾ ਦਿੱਤੀਆਂ ਜਾਂਦੀਆਂ ਜੀਵਨ ਬੀਮੇ ਦੀਆਂ ਅਤਿਰਿਕਤ ਪਾਲਸੀਆਂ ਨੂੰ ਖ੍ਰੀਦਣ ਤੋਂ ਨਹੀਂ ਰੋਕਦਾ ਹੈ।

## ਇਹ ਜੀਵਨ ਬੀਮਾ ਪਾਲਸੀ ਕਿੰਨੇ ਦੇਰ ਤੋਂ ਚੱਲ ਰਹੀ ਹੈ?

ਜਦੋਂ ਤੱਕ ਤੁਸੀਂ ਕਮਾਈ ਦੇ ਨੁਕਸਾਨ ਤੇ ਹੋਣ ਵਾਲੇ ਲਾਭਾਂ ਨੂੰ ਪ੍ਰਾਪਤ ਕਰਦੇ ਰਹਿੰਦੇ ਹੋ ਜਾਂ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਗਏ ਕਮਾਈ ਦੇ ਨੁਕਸਾਨ ਹੋਣ ਤੇ ਮਿਲਣ ਵਾਲੇ ਲਾਭ ਦੇ ਆਖਰੀ ਚੈੱਕ ਨੂੰ ਪ੍ਰਾਪਤ ਕਰਨ ਦੇ 90 ਦਿਨਾਂ ਤੱਕ ਬੀਮਾ ਕਵਰੇਜ ਜਾਰੀ ਰਹੇਗੀ।

## WCB ਦੇ ਸਮੂਹਕ ਜੀਵਨ ਬੀਮਾ ਦੇ ਲਾਭ ਦਾ ਲਾਭਪਾਤਰ ਕੌਣ ਹੁੰਦਾ ਹੈ?

WCB ਗਰੁਪ ਦੇ ਬੀਮੇ ਦੇ ਲਾਭ ਦਾ ਭੁਗਤਾਨ ਕਰਮਚਾਰੀ ਦੀ ਜਾਗੀਰ ਨੂੰ ਕੀਤਾ ਜਾਂਦਾ ਹੈ। ਫਾਇਦੇ ਦਾ ਭੁਗਤਾਨ ਇਸ ਸੰਦਰਭ ਦੇ ਬਿਨਾਂ ਕੀਤਾ ਜਾਂਦਾ ਹੈ ਕਿ ਮੌਤ ਦਾ ਕਾਰਨ ਕੀ ਸੀ।

**ਕਿੰਨਾ ਭੁਗਤਾਨ ਕੀਤਾ ਜਾਂਦਾ ਹੈ?**

2024 ਲਈ, ਜੇ ਕੋਈ ਤੁਹਾਡੇ ਉੱਪਰ ਨਿਰਭਰ ਨਹੀਂ ਹੈ ਤਾਂ ਲਾਭ ਦੇ ਲਈ ਨਿਰਧਾਰਤ ਰਾਸ਼ੀ $15,100 ਹੈ, ਜੇ ਤੁਹਾਡੇ ਉੱਪਰ ਇੱਕ ਜਾਂ ਜ਼ਿਆਦਾ ਲੋਕ ਨਿਰਭਰ ਹਨ ਤਾਂ ਇਹ ਰਾਸ਼ੀ $58,880 ਹੈ। ਇਨ੍ਹਾਂ ਰਾਸ਼ੀਆਂ ਨੂੰ ਸਲਾਨਾ ਆਧਾਰ 'ਤੇ ਬਦਲਿਆ ਜਾਂਦਾ ਹੈ।

ਭੁਗਤਾਨਯੋਗ ਲਾਭਾਂ ਦੇ ਲੈਵਲ ਲਈ ਅਧਿਕਾਰ ਦਿੰਦੇ ਸਮੇਂ ਇਹ ਨਿਰਧਾਰਤ ਕਰਨ ਲਈ ਕਿ ਕੋਈ ਨਿਰਭਰ ਵਿਅਕਤੀ ਹੈ, WCB *ਵਰਕਰਜ਼ ਕੰਪਨਸੇਸ਼ਨਜ਼ ਐਕਟ (The Workers Compensation Act)* ਦਾ ਸਹਾਰਾ ਲੈਂਦੀ ਹੈ।

**ਲਾਭਾਂ ਲਈ ਦਾਅਵਾ ਕਿਸ ਤਰ੍ਹਾਂ ਕੀਤਾ ਜਾਂਦਾ ਹੈ?**

ਜ਼ਿਆਦਾਤਰ ਮਾਮਲਿਆਂ ਵਿੱਚ, WCB ਤੁਹਾਡੇ ਨਿਰਭਰ ਵਿਅਕਤੀਆਂ ਜਾਂ ਤੁਹਾਡੀ ਜਾਇਦਾਦ ਦੀ ਨੁਮਾਇੰਦਗੀ ਕਰਨ ਵਾਲੇ ਵਿਅਕਤੀ ਨਾਲ ਸੰਪਰਕ ਕਰੇਗਾ। ਹਾਲਾਂਕਿ, ਉਹ ਤੁਹਾਡੀ ਯੋਗਤਾ ਦਾ ਪਤਾ ਲਗਾਉਣ ਲਈ WCB ਨਾਲ 204-954-4321 ਜਾਂ ਟੋਲ-ਫ੍ਰੀ 1-855-954-4321 'ਤੇ ਸੰਪਰਕ ਕਰ ਸਕਦੇ ਹਨ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ*। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।